# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.) ਪੰਜਾਬ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ(ਪਿਕਟਸ)

**ਪੰਜਵੀਂ ਮੰਜਿਲ, ਬਲਾਕ- ਈ, ਵਿੱਦਿਆ ਭਵਨ, ਫੇਜ਼-8, ਮੋਹਾਲੀ**

**ਫੋਨ ਨੰ:0172-5212319/ ਫੈਕਸ ਨੰ:0172-5212313, E-mail: icttech@punjabeducation.gov.in**

ਵੱਲ

1 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ/ਐ.ਸਿੱ),
2 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ),
3 ਸਕੂਲ ਮੁਖੀ(ਨੱਥੀ ਲਿਸਟ ਅਨੁਸਾਰ),
ਪੰਜਾਬ।

ਮੀਮੋ ਨੰ:-3/34-ICT/HW/2018-19/Smart Classrooms/2020228 67
ਮਿਤੀ :-17.01.20

**ਵਿਸ਼ਾ -** **ਸਕੂਲਾਂ ਵਿਖੇ ਸਮਾਰਟ ਕਲਾਸਰੂਮਜ਼ ਬਣਾਉਣ ਲਈ ਪ੍ਰੋਜੈਕਟਰ ਅਤੇ ਹੋਰ ਆਈਟਮਾਂ ਦੀ ਇੰਸਟਾਲੇਸ਼ਨ ਸਬੰਧੀ।**

ਹਵਾਲਾ:- ਇਸ ਦਫ਼ਤਰ ਦੇ ਪੱਤਰ ਨੰ:. **3/34-ICT/HW/2018-19/Smart Classrooms/20201038**, ਮਿਤੀ 01.01.2020 ਦਾ ਹਵਾਲਾ ਹੈ ਜੀ।

1. ਉਕਤ ਹਵਾਲਾ ਅਧੀਨ ਪੱਤਰ ਰਾਹੀਂ ਸਕੂਲ ਮੁਖੀਆਂ ਨੂੰ ਲਿਖਿਆ ਗਿਆ ਸੀ ਕਿ ਸਮਾਰਟ ਕਲਾਸਰੂਮਜ਼ ਦੀ ਇੰਸਟਾਲੇਸ਼ਨ ਆਪਣੀ ਸੁਵਿਧਾ ਅਨੁਸਾਰ ਕਰਵਾ ਲੈਣ, ਪ੍ਰੰਤੂ ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸਕੂਲਾਂ ਵੱਲੋਂ ਪ੍ਰੋਜੈਕਟਰ ਦੀ ਇੰਸਟਾਲੇਸ਼ਨ ਕਲਾਸਰੂਮਜ਼ ਦੀ ਪਿਛਲੀ ਕੰਧ ਤੇ ਕਰਵਾਈ ਜਾ ਰਹੀ ਹੈ ਭਾਵ ਪ੍ਰੋਜੈਕਟਰਜ਼ ਲਈ ਲਗਾਏ ਜਾ ਰਹੇ white board ਪਿਛਲੀ ਕੰਧ ਲਗਾਵਾਏ ਜਾ ਰਹੇ ਹਨ।ਇਸ ਤਰ੍ਹਾਂ ਇੰਸਟਾਲੇਸ਼ਨ ਕਰਨ ਤੇ ਵਿਦਿਆਰਥੀਆਂ ਨੂੰ ਵਾਰ-ਵਾਰ ਮੂੰਹ ਅੱਗੇ ਪਿੱਛੇ ਕਰਨਾ ਪਵੇਗਾ ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਪ੍ਰਭਾਵਿਤ ਹੋਵੇਗੀ ਅਤੇ ਸਮਾਰਟ ਕਲਾਸਰੂਮ ਦੀ ਦਿੱਖ ਵੀ ਵਧੀਆ ਨਹੀਂ ਲੱਗੇਗੀ।

2. ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਸਮਾਰਟ ਕਲਾਸਰੂਮਜ਼ ਵਿੱਚ ਦਿੱਤੇ ਜਾਣ ਵਾਲੇ white board ਨੂੰ ਪ੍ਰੋਜੈਕਟਰ ਦੀ ਸਕਰੀਨ ਦੇ ਨਾਲ-ਨਾਲ ਮਾਰਕਰ ਨਾਲ ਲਿਖਣ ਲਈ ਵੀ ਵਰਤਿਆ ਜਾ ਸਕਦਾ ਹੈ।

3. ਸੋ ਉਕਤ ਦੇ ਮੱਦੇਨਜਰ ਆਪ ਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਪ੍ਰੋਜੈਕਟਰ ਦੀ ਪ੍ਰੋਜੈਕਸ਼ਨ ਲਈ White Board ਦੀ ਇੰਸਟਾਲੇਸ਼ਨ ਕਲਾਸਰੂਮਜ਼ ਦੀ ਫਰੰਟ ਕੰਧ (ਭਾਵ ਜਿਹੜੀ ਕੰਧ ਵੱਲ ਵਿਦਿਆਰਥੀ ਮੂੰਹ ਕਰਕੇ ਬੈਠਦੇ ਹਨ ਅਤੇ ਬਲੈਕ ਬੋਰਡ ਲੱਗਿਆ ਹੋਇਆ ਹੈ) ਤੇ ਕਰਵਾਈ ਜਾਵੇ, ਕਿਉਂਕਿ White board ਨੂੰ ਪ੍ਰੋਜੈਕਸ਼ਨ ਦੇ ਨਾਲ-ਨਾਲ ਲਿਖਣ ਲਈ ਵੀ ਵਰਤਿਆ ਜਾ ਸਕਦਾ ਹੈ।

**ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)**
**ਪੰਜਾਬ**